# ਪੰਜਾਬ ਸਕੂਲ ਸਿੱਖਿਆ ਬੋਰਡ

# ਪ੍ਰਸ਼ਨ ਪੱਤਰ ਦੀ ਰੂਪ-ਰੇਖਾ , ਮਾਰਚ 2023

ਜਮਾਤ: ਅੱਠਵੀਂ — ਵਿਸ਼ਾ-ਪੰਜਾਬੀ (ਦੂਜੀ ਭਾਸ਼ਾ)

ਸਮਾਂ–ਤਿੰਨ ਘੰਟੇ

ਕੁੱਲ ਅੰਕ: 100 — ਲਿਖਤੀ ਪਰੀਖਿਆ: 90 ਅੰਕ

ਸੀ. ਸੀ. ਈ. 10 ਅੰਕ

ਨੋਟ: ਸੁੰਦਰ ਲਿਖਾਈ ਲਈ 5 ਅੰਕ ਨਿਰਧਾਰਿਤ ਹਨ ।

| | | | |
|---|---|---|---|
| **ਪ੍ਰਸ਼ਨ** 1 | ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ 7 ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ।ਇਸ ਪ੍ਰਸ਼ਨ ਦੇ ਕੁੱਲ 7 ਅੰਕ ਹੋਣਗੇ। | 7x1 | 7 |
| **ਪ੍ਰਸ਼ਨ** 2 | ਪ੍ਰਸ਼ਨ ਦੇ ਦੋ ਭਾਗ ਹੋਣਗੇ ਪਹਿਲੇ ਵਿੱਚ ਪਾਠ-ਪੁਸਤਕ ਵਿੱਚੋਂ ਕੋਈ ਦੋ ਕਾਵਿ ਟੁਕੜੀਆਂ ਦੇ ਕੇ ਉਸ ਵਿੱਚੋਂ ਕਿਸੇ ਇੱਕ ਦੇ ਭਾਵ ਅਰਥ ਲਿਖਣ ਲਈ ਕਿਹਾ ਜਾਵੇਗਾ ਜਿਸ ਦੇ 4 ਅੰਕ ਹੋਣਗੇ । | 4 | 8 |
| | ਦੂਸਰੇ ਭਾਗ ਵਿੱਚ ਸੰਬੰਧਿਤ ਟੁਕੜੀਆਂ ਵਿੱਚੋ ਇੱਕ-ਇੱਕ ਅੰਕ ਚਾਰ ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਦੇ ਤਿੰਨ ਜਾਂ ਚਾਰ ਵਿਕਲਪ ਉੱਤਰ ਵਜੋਂ ਦਿੱਤੇ ਜਾਣਗੇ, ਉੱਤਰ ਇਨ੍ਹਾਂ ਵਿਕਲਪਾਂ ’ਚੋਂ ਚੁਣ ਕੇ ਲਿਖਣਾ ਹੋਵੇਗਾ ।ਹਰੇਕ ਸਹੀ ਉੱਤਰ ਦਾ ਇੱਕ ਅੰਕ ਹੋਵੇਗਾ। | 4X1 | |
| **ਪ੍ਰਸ਼ਨ** 3 | ਪ੍ਰਸ਼ਨ ਦੇ ਦੋ ਭਾਗ ਹੋਣਗੇ ਪਹਿਲੇ ਭਾਗ ਵਿੱਚ ਪਾਠ-ਪੁਸਤਕ ਵਿਚਲੇ ਪਾਠਾਂ ਵਿੱਚੋਂ 6 ਪ੍ਰਸ਼ਨ ਪੁੱਛੇ ਜਾਣਗੇ ਅਤੇ ਪ੍ਰੀਖਿਆਰਥੀ ਵੱਲੋਂ ਉਹਨਾਂ ਵਿੱਚੋਂ ਕਿਸੇ 4 ਪ੍ਰਸ਼ਨਾਂ ਦੇ ਉੱਤਰ ਦੇਣੇ ਹੋਣਗੇ ਅਤੇ ਹਰੇਕ ਸਹੀ ਉੱਤਰ ਦੇ 2 ਅੰਕ ਹੋਣਗੇ। | 4x2 | 14 |
| | ਦੂਸਰੇ ਭਾਗ ਵਿੱਚ ਪਾਠ-ਪੁਸਤਕ ਵਿਚਲੇ ਪਾਠਾਂ ਵਿੱਚੋਂ (ਕਵਿਤਾ ਤੋਂ ਇਲਾਵਾ) 7 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਦੇ ਤਿੰਨ ਜਾਂ ਚਾਰ ਵਿਕਲਪ ਉੱਤਰ ਵਜੋਂ ਦਿੱਤੇ ਜਾਣਗੇ, ਉੱਤਰ ਇਨ੍ਹਾਂ ਵਿਕਲਪਾਂ ’ਚੋਂ ਚੁਣ ਕੇ ਲਿਖਣਾ ਹੋਵੇਗਾ ਅਤੇ ਹਰੇਕ ਸਹੀ ਉੱਤਰ ਦਾ ਇੱਕ ਅੰਕ ਹੋਵੇਗਾ। | 6x1 | |
| **ਪ੍ਰਸ਼ਨ** 4 | ਪਾਠ ਪੁਸਤਕ ਵਿਚਲੇ ਪਾਠਾਂ ’ਤੇ ਅਧਾਰਿਤ ਪੰਜ ਖਾਲੀ-ਥਾਵਾਂ ਦੇ ਕੇ, ਵਿਕਲਪ ਵੀ ਦਿੱਤੇ ਜਾਣਗੇ ਅਤੇ ਪ੍ਰੀਖਿਆਰਥੀ ਵਲੋਂ ਉਹਨਾਂ ਵਿੱਚੋਂ ਉਚਿਤ ਵਿਕਲਪ ਨੂੰ ਚੁਣ ਕੇ ਸਹੀ ਸਥਾਨ ਉੱਤੇ ਭਰਨੇ ਹੋਣਗੇ ਅਤੇ ਹਰੇਕ ਸਹੀ ਉੱਤਰ ਦਾ 1 ਅੰਕ ਹੋਵੇਗਾ। | 5x1 | 5 |
| **ਪ੍ਰਸ਼ਨ** 5 | ਪਾਠ ਪੁਸਤਕ ਵਿੱਚੋ ਵਿਆਕਰਨ ਦੇ ਪੱਖ ਤੋਂ ਚਾਰ ਵਾਕ ਦਿੱਤੇ ਜਾਣਗੇ ਅਤੇ ਹਰੇਕ ਵਾਕ ਵਿੱਚੋਂ ਕ੍ਰਮਵਾਰ ਨਾਂਵ, ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ ਨੂੰ ਪਛਾਣ ਕੇ ਲਿਖਣ ਲਈ ਕਿਹਾ ਜਾਵੇਗਾ ਅਤੇ ਹਰੇਕ ਸਹੀ ਉੱਤਰ ਦਾ 1 ਅੰਕ ਹੋਵੇਗਾ। | 4x1 | 4 |
| **ਪ੍ਰਸ਼ਨ** 6 | ਇਸ ਪ੍ਰਸ਼ਨ ਕੁੱਲ 20 ਅੰਕਾਂ ਦਾ ਹੋਵੇਗਾ ਅਤੇ ਇਸ ਦੇ ਘੱਟੋ-ਘੱਟ 4 ਉਪ ਭਾਗ (5 ਅੰਕ ਹਰੇਕ) ਹੋਣਗੇ; ਇਹ ਉਪ ਭਾਗ ਪਾਠ ਪੁਸਤਕ ਵਿੱਚੋਂ ਹੀ ਭਾਸ਼ਾ ਦੀ ਵਰਤੋਂ ਨਾਲ ਸੰਬੰਧਿਤ ਹੋ ਸਕਦੇ ਹਨ ਜਿਵੇਂ- ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਸ਼ਬਦਾਂ ਦਾ ਪੰਜਾਬੀ ਤੋਂ ਹਿੰਦੀ ਅਤੇ ਹਿੰਦੀ ਤੋਂ ਪੰਜਾਬੀ ਅਨੁਵਾਦ, ਸ਼ਬਦਾਂ/ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋਂ, ਮਿਲਾਨ ਕਰੋ, ਲਿੰਗ ਬਦਲੋ ਅਤੇ ਵਚਨ ਬਦਲੋ ਆਦਿ। | 4x5 | 20 |
| **ਪ੍ਰਸ਼ਨ** 7 | ਵੱਖ-ਵੱਖ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ’ਤੇ 150 ਤੋਂ 200 ਸ਼ਬਦਾਂ ਦੀ ਲੇਖ ਰਚਨਾ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 10 ਅੰਕ ਹੋਣਗੇ। ਹਰੇਕ ਵਿਸ਼ੇ ਦੇ ਲੇਖ ਲਈ ਨੁਕਤਿਆਂ ਨੂੰ ਵੀ ਦਿੱਤਾ ਜਾਵੇਗਾ । | 10 | 10 |

| | | | |
|---|---|---|---|
| **ਪ੍ਰਸ਼ਨ 8** | ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ 'ਤੇ ਪੱਤਰ/ਬਿਨੈ-ਪੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 8 ਅੰਕ ਹੋਣਗੇ। ਹਰੇਕ ਵਿਸ਼ੇ ਲਈ ਨੁਕਤਿਆਂ ਨੂੰ ਵੀ ਦਿੱਤਾ ਜਾਵੇਗਾ । | 8 | 8 |
| **ਪ੍ਰਸ਼ਨ 9** | ਇਹ ਪ੍ਰਸ਼ਨ ਕਿਰਿਆ ਅਧਾਰਿਤ ਹੋਵੇਗਾ ਅਤੇ ਕੁਝ ਸ਼ਬਦ ਦੇ ਕੇ ਉਹਨਾਂ ਵਿੱਚੋਂ ਸ਼ੁੱਧ, ਸਹੀ ਅਤੇ ਸਾਰਥਕ ਸ਼ਬਦਾਂ ਨੂੰ ਪਛਾਣ ਕੇ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 7 ਅੰਕ ਹੋਣਗੇ। | 5x1 | 5 |
| **ਪ੍ਰਸ਼ਨ 10** | ਨਾਂਵ / ਪੜਨਾਂਵ / ਕਿਰਿਆ / ਵਿਸ਼ੇਸ਼ਣ ਵਿੱਚੋਂ ਕਿਸੇ ਦੋ ਦੀ ਪਰਿਭਾਸ਼ਾ ਪੁੱਛ ਕੇ 1 ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ। | 4X1 | 4 |
| **ਸੁੰਦਰ ਲਿਖਾਈ** | | | 5 ਅੰਕ |
| **ਕੁੱਲ ਅੰਕ** | | | 90 ਅੰਕ |